بِسۡمِ اللّٰہِ الرَّحۡمٰنِ الرَّحِیۡمِ          نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ          وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 13.05.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਮਸਜਿਦਾਂ ਦੀ ਅਸਲ ਸੁੰਦਰਤਾ ਇਮਾਰਤਾਂ ਨਾਲ ਨਹੀਂ ਹੈ ਸਗੋਂ ਨਮਾਜ਼ੀਆਂ ਨਾਲ ਹੈ ਜੋ ਈਮਾਨਦਾਰੀ ਨਾਲ ਨਮਾਜ਼ ਪੜ੍ਹਦੇ ਹਨ । ਮਸਜਿਦ ਦੀ ਉਸਾਰੀ ਦਾ ਹੱਕ ਫਿਰ ਹੀ ਪੂਰਾ ਹੋਵੇਗਾ ਜੱਦ ਉਸ ਨੂੰ ਇਬਾਦਤ ਕਰਨ ਵਾਲਿਆ ਨਾਲ ਵੱਧ ਤੋਂ ਵੱਧ ਵਸਾਵਾਂਗੇ । ਆਪ ਵੀ ਏਥੇ ਆਕੇ ਆਪਣੀਆਂ ਨਮਾਜਾਂ ਨਾਲ ਨਾਲ ਇਸ ਨੂੰ ਆਬਾਦ ਕਰੋਗੇ ਅਤੇ ਪ੍ਰਚਾਰ ਕਰਕੇ ਖੇਤਰ ਦੇ ਲੋਕਾਂ ਨੂੰ ਵੀ ਇਸਲਾਮ ਦੀ ਸਿੱਖਿਆ ਨਾਲ ਜਾਣੂ ਕਰਾਓਗੇ ।

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 13 ਮਈ 2016 ਈ. ਨੂੰ ਮਸਜਿਦ ਮਹਮੂਦ, ਸਵੀਡਨ ਵਿੱਚ ਦਿੱਤਾ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਕੁਰਆਨ ਕਰੀਮ ਦੀਆਂ ਇਹਨਾਂ ਆਇਤਾਂ ਦੀ ਤਲਾਵਤ ਫ਼ਰਮਾਇਆ :

(اِنَّمَا یَعۡمُرُ مَسٰجِدَ اللّٰہِ مَنۡ اٰمَنَ بِاللّٰہِ وَالۡیَوۡمِ الۡاٰخِرِ وَاَقَامَ الصَّلٰوۃَ وَاٰتَی الزَّکٰوۃَ وَلَمۡ یَخۡشَ اِلَّا اللّٰہَ فَعَسٰۤی اُولٰٓئِکَ اَنۡ یَّکُوۡنُوۡا مِنَ الۡمُہۡتَدِیۡنَ۔ (التوبہ آیت18)

(اَلَّذِیۡنَ اِنۡ مَّکَّنّٰہُمۡ فِی الۡاَرۡضِ اَقَامُوا الصَّلٰوۃَ وَاٰتَوُا الزَّکٰوۃَ وَاَمَرُوۡا بِالۡمَعۡرُوۡفِ وَنَہَوۡا عَنِ الۡمُنۡکَرِ ؕ وَلِلّٰہِ عَاقِبَۃُ الۡاُمُوۡرِ۔ (الحج آیت 41)

ਇਨੱਮਾ ਯਾਮੁਰੁ ਮਸਾਜਿਦਲੱਾਹਿ ਮਨ ਆਮਾਨਾ ਬਿਲੱਾਹਿ ਵਲ ਯੌਮਿਲ ਆਖ਼ਿਰਿ ਵ ਅਕਾਮਸ ਸਲਾਤਾ ਵ ਆਤਜ਼ੱਕਾਤਾ ਵਲਮ ਯਖ਼ਸ਼ਾ ਇਲੱਲੱਾਹਾ ਫ਼ ਅਸਾ ਉਲਾਇਕਾ ਅੰਯ ਯਕੂਨੂ ਮਿਨਲ ਮੁਹਤਾਦੀਨ 0 (ਸੂਰਤ ਤੌਬਾ-18)

ਅਲੱਜ਼ੀਨਾ ਇੰਮ ਮਕਨੱਾਹੁਮ ਫ਼ਿਲ ਅਰਜ਼ਿ ਅਕਾਮੁਸੱਲਾਤਾ ਵ ਆਤੁਜ਼ੱਕਾਤਾ ਵ ਅਮਰੂ ਬਿਲ ਮਾਰੂਫ਼ਿ ਵ ਨਹੌਵ ਅਨਿਲ ਮੁਨਕਰਿ, ਵਲਿਲੱਾਹਿ ਆਕਿਬਾਤੁਲ ਉਮੂਰ (ਸੂਰਤ ਅਲਹੱਜ-41)

ਅਲਹਮਦੁਲਿਲੱਾਹ ਅੱਜ ਅਲੱਾਹ ਤਆਲਾ ਨੇ ਜਮਾਤ ਅਹਮਦੀਆ ਸਵੀਡਨ ਨੂੰ ਆਪਣੀ ਦੂਜੀ ਮਸਜਿਦ ਬਨਾਉਣ ਦੀ ਤੌਫ਼ੀਕ ਪ੍ਰਦਾਨ ਕੀਤੀ ਹੈ ਜਿਸ ਦਾ ਨਾਂ ਮਸਜਿਦ ਮਹਮੂਦ ਰੱਖਿਆ ਗਿਆ ਹੈ । ਸਾਰਿਆ ਪੁਰਸ਼ ਇਸਤਰੀਆਂ ਨੇ ਮਾਸ਼ਾਅਲੱਾਹ ਇਸ ਮਸਜਿਦ ਦੇ ਨਿਰਮਾਣ ਵਿੱਚ ਬਹੁਤ ਈਮਾਨਦਾਰੀ ਦਾ ਪ੍ਰਗਟਾਵਾ ਕੀਤਾ ਹੈ । ਇਹ ਇਕ ਬਹੁਤ ਵੱਡਾ ਟੀਚਾ ਸੀ ਜੱਦ ਕਿ ਏਥੋਂ ਦੀ ਇਕ ਛੋਟੀ ਜਿਹੀ ਜਮਾਤ ਹੈ ਅਤੇ ਇਸ ਪੱਖੋਂ ਇਹਨਾਂ ਲਈ ਵਾਸਤਵ ਵਿੱਚ ਬਹੁਤ ਵੱਡਾ ਪ੍ਰੋਗ੍ਰਾਮ ਸੀ । ਜਿੱਥੇ ਕਮਾਉਣ ਵਾਲਿਆਂ ਨੇ ਵੱਧ ਚੜ੍ਹਕੇ ਕੁਰਬਾਨੀਆ ਕੀਤੀਆਂ ਅਤੇ ਮਸਜਿਦ ਦੀ ਉਸਾਰੀ ਵਿੱਚ ਆਪਣੀ ਸਮਰਥਾ ਅਨੁਸਾਰ ਮਾਲੀ ਕੁਰਬਾਨੀਆਂ ਪੇਸ਼ ਕੀਤੀਆਂ ਓਥੇ ਇਸਤਰੀਆ ਤੇ ਬੱਚੇ ਵੀ ਪਿੱਛੇ ਨਹੀਂ ਰਹੇ ਅਤੇ ਰੱਬ ਦੇ ਘਰ ਦੀ ਉਸਾਰੀ ਲਈ ਧਰਮ ਨੂੰ ਦੁਨੀਆਂ ਉੱਪਰ ਪਹਿਲ ਦੇਣ ਦੀ ਉਧਾਰਣ ਕਾਇਮ ਕੀਤੀ ਹੈ । ਅਹਮਦੀਆਂ ਦੀ ਮਾਲੀ ਕੁਰਬਾਨੀ ਨੂੰ ਦੇਖ ਕੇ ਇਨਸਾਨ ਹੈਰਾਨ ਰਹਿ ਜਾਂਦਾ ਹੈ । ਕੇਵਲ ਇਕ ਮਸਜਿਦ ਦੀ ਉਸਾਰੀ ਦਾ ਪ੍ਰਸ਼ਨ ਨਹੀਂ ਹੈ । ਮਸਜਿਦਾਂ ਦੀ ਉਸਾਰੀ ਨਮਾਜ਼ ਸੈਂਟਰਾਂ ਦੀ

ਉਸਾਰੀ ਤੇ ਖ਼ਰੀਦ ਮਿਸ਼ਨ ਹਾਊਸ ਦੀ ਉਸਾਰੀ ਅਤੇ ਖ਼ਰੀਦਣ ਦੇ ਮਨਸੂਬੇ ਨਿਰੰਤਰ ਜਾਰੀ ਹਨ ਅਤੇ ਇਸ ਇਸ ਤੋਂ ਬਿਨਾਂ ਹੋਰ ਬਹੁਤ ਸਾਰੇ ਖ਼ਰਚੇ ਹਨ ਅਤੇ ਦੁਨੀਆ ਵਿੱਚ ਹਰ ਥਾਂ ਇਹ ਕੰਮ ਹੋ ਰਿਹੇ ਹਨ । ਅਤੇ ਫਿਰ ਦੂਜੇ ਚੰਦੇ ਵੀ ਨਾਲ ਨਾਲ ਚੱਲ ਹਨ । ਜਮਾਤ ਅਹਮਦੀਆ ਵਿੱਚ ਬਹੁਤ ਸਾਰੇ ਅਜਿਹੇ ਲੋਕ ਹਨ ਜਿੰਨ੍ਹਾ ਦਾ ਰੱਬ ਦੀ ਅਪਾਰ ਮਿਹਰ ਨਾਲ ਇਹ ਸੁਭਾਵ ਹੈ ਕਿ ਮਾਲੀ ਕੁਰਬਾਨੀ ਲਈ ਹਰ ਸਮੇਂ ਤਿਆਰ ਬਰ ਤਿਆਰ ਰਹਿੰਦੇ ਹਨ ਅਤੇ ਜਮਾਤ ਖ਼ਾਤਰ ਰੱਬ ਖ਼ਾਤਰ ਖ਼ਰਚ ਕਰਨ ਲਈ । ਇਹ ਉਹ ਇਸਲਾਮੀ ਭਾਵਨਾ ਹੈ ਜੋ ਇਸ ਜੁੱਗ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਸੱਚੇ ਗ਼ੁਲਾਮ ਨੇ ਸਾਡੇ ਵਿੱਚ ਫੂਕੀ ਹੈ । ਜਿਵੇਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜਾਮਤ ਦੇ ਲੋਕਾਂ ਦੀਆਂ ਕੁਰਬਾਨੀਆਂ ਉਪੱਰ ਹੈਰਾਨੀ ਦਾ ਪ੍ਰਗਟਾਵਾ ਕੀਤਾ ਸੀ ਅੱਜ ਵੀ ਜਿਵੇਂ ਕਿ ਮੈਂ ਕਿਹਾ ਇਹ ਕੁਰਬਾਨੀਆਂ ਹੈਰਾਨ ਕਰ ਦਿੰਦੀਆਂ ਹਨ ਅਤੇ ਇਹ ਸਾਰਾ ਰੱਬ ਦੀ ਮਿਹਰ ਨਾਲ ਰੱਬ ਦੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਕੀਤੇ ਗਏ ਵਾਦੇ ਦਾ ਪ੍ਰਗਟਾਵਾ ਹੈ ਕਿ ਰੱਬ ਆਪ ਦੀਆਂ ਲੋੜਾਂ ਪੂਰੀਆਂ ਕਰਦਾ ਰਹੇਗਾ । ਜਿਵੇਂ ਕਿ ਜਮਾਤ ਅਹਮਦੀਆ ਦੇ ਅਧਿਕਤਰ ਮਨਸੂਬਿਆਂ ਵਿਚੱ ਹੁੰਦਾ ਹੈ ਵਾਹਵਾ ਕੰਮ ਵਕਾਰੇ ਅਮਲ (ਕਾਰ ਸੇਵਾ) ਰਾਹੀਂ ਪੂਰਨ ਕਰ ਲਏ ਜਾਂਦੇ ਹਨ ਅਤੇ ਇਸ ਪੱਖੋਂ ਖਰਚਿਆਂ ਵਿੱਚ ਵੀ ਕੁਝ ਬਚਤ ਹੋ ਜਾਂਦੀ ਹੈ । ਬਹਿਰਹਾਲ ਅਲੱਾਹ ਤਆਲਾ ਮਾਲੀ ਕੁਰਬਾਨੀ ਕਰਨ ਵਾਲਿਆਂ ਅਤੇ ਉਹਨਾਂ ਲੋਕਾਂ ਨੂੰ ਚੰਗਾ ਵਟਾਂਦਰਾ ਪ੍ਰਦਾਨ ਕਰੇ ਜਿੰਨ੍ਹਾ ਨੇ ਮਸਜਿਦ ਅਤੇ ਉਸ ਦੇ ਕੰਪਲੈਕਸ ਦੀ ਉਸਾਰੀ ਵਿੱਚ ਕਿਸੇ ਵੀ ਪ੍ਰਕਾਰ ਭਾਗ ਲਿਆ ਹੈ । ਬੜੀ ਸੁੰਦਰ ਮਸਜਿਦ ਦਾ ਨਿਰਮਾਣ ਹੋਇਆ ਹੈ । ਖੇਤਰ ਦੇ ਲੋਕ ਵੀ ਇਸ ਦੀ ਸੁੰਦਰਤਾ ਦੀ ਸ਼ਲਾਘਾ ਕਰ ਰਹੇ ਹਨ । ਕੁਰਬਾਨੀ ਦੀ ਭਾਵਨਾ ਦਾ ਪ੍ਰਗਟਾਵਾ ਕਿਵੇਂ ਬੱਚਿਆਂ ਨੇ ਵੱਡਿਆਂ ਨੇ ਕੀਤਾ, ਇਸ ਦੀਆਂ ਕੁਝ ਇਕ ਉਧਾਰਣਾ ਪੇਸ਼ ਕਰਦਾ ਹਾਂ, ਇਕ ਗਿਆਰਾਂ ਸਾਲ ਦੀ ਬੱਚੀ ਨੇ ਮਸਜਿਦ ਦੇ ਚੰਦੇ ਲਈ ਕੁਝ ਸੌ ਕਰੂਨਰ ਪੇਸ਼ ਕੀਤੇ ਅਤੇ ਦੱਸਿਆ ਕਿ ਵਾਹਵਾ ਸਮੇਂ ਤੋਂ ਉਸ ਨੇ ਆਪਣੇ ਜੇਬ ਖਰਚੇ ਵਿੱਚੋਂ ਜਮਾ ਕੀਤੇ ਸਨ ਉਹ ਮਸਜਿਦ ਦੀ ਉਸਾਰੀ ਲਈ ਦੇਣ ਲਈ ਆਈ ਹੈ । ਦਸ ਗਿਆਰਾਂ ਸਾਲ ਦੀ ਬੱਚੀ ਅਮੀਰ ਸਾਹਬ ਕੋਲ ਜਾਂ ਜੋ ਵੀ ਪ੍ਰਬੰਧਕੀ ਹੈ ਚੰਦਾ ਲੈਣ ਵਾਲੇ ਹਨ, ਉਹਨਾਂ ਕੋਲ ਆਈ ਅਤੇ ਪੰਜ ਸੌ ਕਰੂਨਰ ਮਸਜਿਦ ਦੀ ਉਸਾਰੀ ਲਈ ਦਿੱਤੇ ਅਤੇ ਦੱਸਿਆ ਕਿ ਉਸ ਦੇ ਕੋਲ ਦੋ ਤੋਤੇ ਸਨ ਜਿੰਨ੍ਹਾ ਨੂੰ ਵੇਚ ਕੇ ਉਸਨੇ ਇਹ ਰਕਮ ਮਸਜਿਦ ਦੀ ਉਸਾਰੀ ਲਈ ਪ੍ਰਾਪਤ ਕੀਤੀ ਹੈ । ਏਥੇ ਇਹਨਾ ਦੇਸ਼ਾਂ ਵਿਚ ਪੈਟ (Pet) ਜਾਂ ਪਾਲਤੂ ਜਾਨਵਰ ਰਖੱਣ ਦਾ ਬਹੁਤ ਸ਼ੌਕ ਹੈ ਪਰ ਅਹਮਦੀ ਬੱਚੀ ਨੇ ਏਥੋਂ ਦੇ ਬੱਚਿਆਂ ਵਾਂਗ ਆਪ ਪਾਲਤੂ ਜਾਨਵਰ ਨੂੰ ਪਹਿਲ ਨਹੀਂ ਦਿੱਤੀ ਸਗੋਂ ਰੱਬ ਦੇ ਘਰ ਦੀ ਉਸਾਰੀ ਨੂੰ ਆਪਣੇ ਚਾਅ'ਤੇ ਪਹਿਲ ਦਿੱਤੀ । ਵਾਸਤਵ ਵਿੱਚ ਅਸਲ ਸ਼ੌਕ ਅਤੇ ਪਹਿਲ ਰਬ ਦੀ ਰਜ਼ਾ ਹੀ ਹੈ ਜੋ ਅਹਮਦੀ ਬੱਚੇ ਹੀ ਸਮਝ ਸਕਦੇ ਹਨ ਜਿੰਨ੍ਹਾ ਨੂੰ ਬਚਪੁਣੇ ਤੋਂ ਹੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਇਸ ਗੱਲ ਨਾਲ ਇਹ ਕਿਰਦਾਰ ਪੈਦਾ ਹੋ ਜਾਂਦਾ ਹੈ ਕਿ ਮਸਜਿਦ ਉਸਾਰੀ ਵਿੱਚ ਭਾਗ ਲੈਂਣ ਵਾਲਾ ਸਵਰਗਾਂ ਵਿੱਚ ਆਪਣਾ ਘਰ ਬਣਾਉਂਦਾ ਹੈ । ਇਕ ਬੱਚੀ ਏਤਕਾਫ਼ ਬੈਠੀ ਸੀ ਉਸ ਨੇ ਏਥੋਂ ਦੀ ਪ੍ਰਬੰਧਕੀ ਨਾਲ ਰਾਬਤਾ ਕੀਤਾ ਅਤੇ ਆਪਣਾ ਗਹਿਣਾ ਜ਼ੇਵਰ ਮਸਜਿਦ ਲਈ ਪੇਸ਼ ਕੀਤਾ । ਇਕ ਹੋਰ ਵੀ ਵਕਫ਼ੇ ਨੌ ਦੀ ਬੱਚੀ ਵੀ ਅਜਿਹੀ ਹੈ ਜਿਸ ਨੇ ਆਪਣੇ ਸਾਰੇ ਜੇਵਰ ਅਤੇ ਜੇਬ ਖਰਚੇ ਦੀ ਅਵਸਥਾ ਵਿੱਚ ਪ੍ਰਾਪਤ ਰਕਮ ਜੋ ਵੀ ਸੀ, ਉਸ ਨੂੰ ਮਿਲੀ ਹੋਈ ਸੀ ਉਸ ਨੇ ਇਕ ਲਫ਼ਾਫ਼ੇ ਵਿੱਚ ਪਾਕੇ ਅਤੇ ਇਕ ਪਤੱਰ ਲਿੱਖ ਕੇ ਅਪਣੇ ਪਿਤਾ ਜੀ ਦੀ ਸਰ੍ਹਾਣੇ ਹੇਠ ਰੱਖ ਦਿੱਤਾ ਕਿ ਇਹੋ ਸਭ ਕੁਝ ਮੇਰੇ ਕੋਲ ਹੈ ਇਸ ਤੋਂ ਬਿਨਾ ਮੇਰੇ ਕੋਲ ਹੋਰ ਕੋਈ ਅਜਿਹੀ ਚੀਜ਼ ਨਹੀਂ ਹੈ ਜੋ ਮੈਂ ਮਸਜਿਦ ਲਈ ਰੱਬ ਦੀ ਹਜ਼ੂਰੀ ਵਿੱਚ ਪੇਸ਼ ਕਰ ਸਕਾਂ । ਅਜਿਹੀਆਂ ਨੌਜੁਆਨ ਬੱਚੀਆਂ ਵੀ ਹਨ ਜਿੰਨ੍ਹਾ ਦਾ ਨਵਾਂ ਨਵਾਂ ਵਿਆਹ ਹੋਇਆ ਸੀ ਅਤੇ ਉਹਨਾਂ ਨੇ ਆਪਣੇ ਗਹਿਣਿਆਂ ਦੇ ਚਾਅ ਵੀ ਪੂਰੇ ਨਹੀਂ ਕੀਤੇ ਸਨ ਆਪਣੇ ਸਾਰੇ ਗਹਿਣੇ ਮਸਜਿਦ ਦੀ ਉਸਾਰੀ ਲਈ ਪੇਸ਼ ਕਰ ਦਿੱਤੇ । ਬਹੁਤ ਸਾਰੀਆਂ ਇਸਤਰੀਆਂ ਹਨ ਜਿੰਨ੍ਹਾ ਦੇ ਪਤੀਆਂ ਨੇ ਪਹਿਲਾਂ ਹੀ ਚੰਗੇ ਵਾਦੇ ਕੀਤੇ ਹੋਏ ਸਨ ਅਤੇ ਅਦਾਇਗੀ ਵੀ ਪੂਰੀ ਕਰ ਦਿੱਤੀ ਸੀ ਇਹਨਾਂ ਇਸਤਰੀਆਂ ਨੇ ਆਪਣੇ ਗਹਿਣੇ ਅਤੇ ਜੋ ਜਮਾ ਕੀਤੀ ਪੂੰਜੀ ਸੀ ਉਹ ਮਸਜਿਦ ਦੇ ਨਿਰਮਾਣ ਲਈ ਦੇ ਦਿੱਤੀ । ਦੋ ਇਸਤਰੀਆਂ ਅਜਿਹੀਆਂ ਸਨ, ਜਿੰਨ੍ਹਾ ਬਾਰੇ ਇਹ ਦੱਸਿਆ ਕਿ ਮਾਲੀ ਕੁਰਬਾਨੀ ਕਰਨ ਦੀ ਸਮਰਥਾ

ਨਹੀਂ ਸੀ ਜਾਂ ਉਹਨਾਂ ਕੋਲ ਕੁਝ ਨਹੀਂ ਸੀ ਪਰ ਉਹਨਾਂ ਕੋਲ ਪਾਕਿਸਤਾਨ ਵਿੱਚ ਪਿਤਾ ਵੱਲੋਂ ਪੈਤ੍ਰਕ ਮਕਾਨ ਮਿਲਿਆ ਸੀ, ਉਹਨਾਂ ਨੇ ਉਹ ਘਰ ਵੇਚਕੇ ਉਸ ਦੀ ਕੁਲ ਰਕਮ ਜੋ ਓਥੋਂ ਖੇਤਰ ਵਿੱਚ ਸੀ ਮਸਜਿਦ ਦੇ ਨਿਰਮਾਣ ਵਿੱਚ ਦੇ ਦਿੱਤੀ । ਇਕ ਖ਼ਾਦਮ (ਨੌਜੁਆਨ) ਨੇ ਮਸਜਿਦ ਦੀ ਅਦਾਇਗੀ ਲਈ ਇਕ ਵੱਡੀ ਰਕਮ ਦਾ ਵਾਦਾ ਕੀਤਾ ਸੀ ਜਿਸ ਵਿੱਚ ਇਕ ਭਾਗ ਉਹਨਾ ਦੀ ਪਤਨੀ ਵੱਲੋਂ ਸੀ ਪਰ ਬਦਕਿਸਮਤੀ ਨਾਲ ਇਹ ਜੋੜਾ ਵੱਖ ਹੋ ਗਿਆ ਪਰ ਇਸ ਨੌਜੁਆਨ ਨੇ ਕਿਹਾ ਨਹੀਂ ਕਿਉਂਕਿ ਮੈਂ ਵਾਦਾ ਕੀਤਾ ਸੀ ਉਸ ਵੱਲੋਂ ਵੱਖ ਹੋਣ ਦੇ ਬਾਦ ਵੀ ਮੈਂ ਹੀ ਇਹ ਵਾਦਾ ਪੂਰਾ ਕਰਾਂਗਾ ਅਤੇ ਪੂਰੀ ਅਦਾਇਗੀ ਕਰ ਦਿੱਤੀ । ਮਾਲਮੋ ਜਮਾਤ ਦੇ ਇਕ ਖ਼ਾਦਮ ਜੋ ਵਕਤੀ ਨੌਕਰੀ ਕਰਦੇ ਸਨ ਜੱਦ ਉਹਨਾਂ ਨੂੰ ਮਸਜਿਦ ਦਾ ਵਾਦਾ ਵਧਾਉਣ ਲਈ ਕਿਹਾ ਗਿਆ ਤਾਂ ਉਹਨਾਂ ਨੇ ਦਸ ਹਜ਼ਾਰ ਕਰੂਨਰ ਤੋਂ ਵਧਾਕੇ ਇਕ ਲੱਖ ਕਰ ਦਿਤੱਾ । ਰੱਬ ਨੇ ਇਸ ਕੁਰਬਾਨੀ ਦੇ ਸਿੱਟੇ ਵਿੱਚ ਉਹਨਾ ਨੂੰ ਪੱਕੀ ਨੌਕਰੀ ਪ੍ਰਦਾਨ ਕਰ ਦਿੱਤੀ ਅਤੇ ਪਹਿਲਾਂ ਤੋਂ ਚੰਗੀ ਤੇ ਨਵੀਂ ਗੱਡੀ ਖ਼ਰੀਦਣ ਦੀ ਵੀ ਉਹਨਾਂ ਨੂੰ ਤੋਫ਼ੀਕ ਮਿਲੀ । ਇਹ ਉਹ ਕੁਰਬਾਨੀਆਂ ਦੀ ਭਾਵਨਾ ਹੈ ਜੋ ਸਾਨੂੰ ਬਹੁਤ ਸਾਰੇ ਅਹਮਦੀਆਂ ਵਿੱਚ ਹਰ ਥਾਂ ਦਿਖਾਈ ਦਿੰਦੀ ਹੈ ।

ਇਸ ਮਸਜਿਦ ਦੇ ਨਿਰਮਾਣ ਤੇ ਗੁੰਜਾਇਸ਼ ਬਾਰੇ ਵੀ ਕੁਝ ਦੱਸ ਦਿਆਂ ਕਿ ਮਸਜਿਦ ਬਨਾਉਣ ਦਾ ਵਿਚਾਰ 1999 ਈ. ਵਿੱਚ ਅਰੰਭ ਹੋਇਆ ਸੀ । ਇਸ ਦੇ ਲਈ ਮੁਕਰੱਮ ਇਹਸਾਨੁਲੱਾਹ ਸਾਹਬ ਨੇ ਪੰਜ ਹਜ਼ਾਰ ਵਰਗ ਮੀਟਰ ਦਾ ਇਕ ਕਿਤੱਾ ਜ਼ਮੀਨ ਖ਼ਰੀਦ ਕੇ ਜਮਾਤ ਨੂੰ ਪੇਸ਼ ਕੀਤਾ ਸੀ । ਇਹ ਕਿਤੱਾ ਇਕ ਟੀਲੇ ਉਪੱਰ ਹੈ ਅਤੇ ਇਕ ਵਿਸ਼ੇਸ਼ ਥਾਂ'ਤੇ ਪੈਂਦਾ ਹੈ ਮੇਨ ਹਾਈਵੇ ਇੱਥੋਂ ਲੰਘਦੀ ਹੈ ਨੇੜਿਓਂ ਨਾਰਵੇ ਤੇ ਸਵੀਡਨ ਨੂੰ ਪੂਰੇ ਯੂਰੋਪ ਨਾਲ ਵੀ ਮਿਲਾਉਂਦੀ ਹੈ ਅਤੇ ਇਸੇ ਪ੍ਰਕਾਰ ਸਵੀਡਨ ਅਤੇ ਨਾਰਵੇ ਦੇ ਸਾਰੇ ਵੱਡੇ ਸ਼ਹਿਰਾਂ ਨੂੰ ਵੀ ਜੋੜਦੀ ਹੈ । ਬਹੁਤ ਹੀ ਮਸਰੂਫ਼ ਹਾਈਵੇ ਹੈ ਜਿੱਥੇ ਦੂਰੋਂ ਹੀ ਮਸਜਿਦ ਦੀ ਸੁੰਦਰ ਅਤੇ ਉੱਚੀ ਇਮਾਰਤ ਹਰ ਆਉਣ ਤੇ ਜਾਣ ਵਾਲੇ ਨੂੰ ਦਿਖਾਈ ਦੇਣ ਲੱਗ ਜਾਂਦੀ ਹੈ ਅਤੇ ਤੌਹੀਦ ਦਾ ਸੰਦੇਸ਼ ਦਿੰਦੀ ਹੈ । ਰੱਬ ਕਰੇ ਕਿ ਹਰ ਅਹਮਦੀ ਵੀ ਆਪਣਾ ਹੱਕ ਨਿਰਮਾਣ ਦੇ ਬਾਦ ਪੂਰਾ ਕਰੇ ਅਤੇ ਪ੍ਰਚਾਰ ਰਾਹੀਂ ਵੀ ਇਹ ਮਸਜਿਦ ਤੌਹੀਦ ਫੈਲਾਉਣ ਦਾ ਹਮੇਸ਼ਾ ਸਾਧਨ ਬਣੀ ਰਹੇ ਅਤੇ ਇਸਦੀ ਹਕੀਕੀ ਸੁੰਦਰਤਾ ਜੋ ਧਾਰਮਕ ਸਿੱਖਿਆ ਦੀ ਸੁੰਦਰਤਾ ਹੈ ਅਤੇ ਜਿਸ ਉਦੇਸ਼ ਲਈ ਬਣਾਈ ਗਈ ਹੈ ਉਹ ਰੋਸ਼ਨ ਹੋਕੇ ਚਮਕੇ ।

ਇਸ ਕੰਪਲੈਕਸ ਦਾ ਕੁਲ ਨਿਰਮਾਣ ਹੋਇਆ ਰਕਬਾ 2353 ਵਰਗ ਮੀਟਰ ਹੈ । ਪੰਜ ਇਮਾਰਤਾਂ ਉਪੱਰ ਅਧਾਰਤ ਹੈ । ਵੱਡੀਆਂ ਇਮਾਰਤਾਂ ਹਨ । ਮਸਜਿਦ ਮਹਮੂਦ ਮੇਨ ਮਸਜਿਦ ਇਸ ਦਾ ਰਕਬਾ 1494 ਹੈ ਲਗਭਗ 1500 ਵਰਗ ਮੀਟਰ ਹੈ ਸਪੋਰਟਸ ਹਾਲ ਹੈ ਸਾਢੇ ਸੱਤ ਸੌ ਵਰਗ ਮੀਟਰ । ਇਸ ਤੋਂ ਬਿਨਾਂ ਹੋਰ ਇਮਾਰਤਾਂ ਹਨ । ਮਸਜਿਦ ਦੇ ਦੋ ਹਾਲ ਹਨ ਇਕ ਉਪੱਰ ਅਤੇ ਇਕ ਹੇਠਾਂ, ਪੁਰੁਸ਼ਾਂ ਲਈ ਅਤੇ ਇਸਤਰੀਆਂ ਲਈ । ਰੱਬ ਦੀ ਮਿਹਰ ਨਾਲ 1700 ਲੋਕ ਇਕੱਠੇ ਨਮਾਜ਼ ਪੜ੍ਹ ਸਕਦੇ ਹਨ । ਮਸਜਿਦ ਦੇ ਨਿਰਮਾਣ ਦਾ ਹੱਕ ਵੀ ਉਦੋਂ ਹੀ ਪੂਰਾ ਹੋਵੇਗਾ ਜੱਦ ਇਸ ਨੂੰ ਇਬਾਦਤ ਕਰਨ ਵਾਲਿਆਂ ਨਾਲ ਵੱਧ ਤੋਂ ਵੱਧ ਅਬਾਦ ਕਰਨਗੇ । ਆਪ ਵੀ ਏਥੇ ਆਣਕੇ ਆਪਣੀਆਂ ਨਮਾਜ਼ਾਂ ਨਾਲ ਇਸ ਨੂੰ ਅਬਾਦ ਕਰਨਗੇ ਅਤੇ ਪ੍ਰਚਾਰ ਕਰਕੇ ਖੇਤਰ ਦੇ ਲੋਕਾਂ ਨੂੰ ਵੀ ਇਸਲਾਮ ਦੀ ਸਿੱਖਿਆ ਨਾਲ ਜਾਣੂ ਕਰਾਉਣਗੇ ਅਤੇ ਇਹੋ ਗੱਲ ਹੈ ਜਿਸ ਵੱਲ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਨੂੰ ਇਕ ਥਾਂ ਧਿਆਨ ਦੁਆਇਆ ਹੈ :

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਸ ਸਮੇਂ ਸਾਡੀ ਜਮਾਤ ਨੂੰ ਮਸਜਿਦਾਂ ਦੀ ਬਹੁਤ ਲੋੜ ਹੈ ਇਹ ਰੱਬ ਦਾ ਘਰ ਹੁੰਦਾ ਹੈ ਜਿਸ ਪਿੰਡ ਜਾਂ ਸ਼ਹਿਰ ਵਿੱਚ ਸਾਡੀ ਜਮਾਤ ਦੀ ਮਸਜਿਦ ਸਥਾਪਤ ਹੋ ਗਈ ਤਾਂ ਸਮਝੋ ਕਿ ਜਮਾਤ ਦੀ ਤਰੱਕੀ ਦੀ ਨੀਂਹ ਪੈ ਗਈ ਜੇਕਰ ਕੋਈ ਅਜਿਹਾ ਪਿੰਡ ਜਾਂ ਸ਼ਹਿਰ ਹੋਵੇ ਜਿੱਥੇ ਮੁਸਲਮਾਨ ਘੱਟ ਹੋਣ ਜਾਂ ਨ ਹੋਣ ਅਤੇ ਓਥੇ ਇਸਲਾਮ ਦੀ ਤਰੱਕੀ ਕਰਨੀ ਹੋਵੇ ਤਾਂ ਇਕ ਮਸਜਿਦ ਬਣਾ ਦੇਣੀ ਚਾਹੀਦੀ ਹੈ ਫਿਰ ਰੱਬ ਆਪ ਮੁਸਲਮਾਨਾਂ ਨੂੰ ਖਿੱਚ ਕੇ ਲੈ ਆਵੇਗਾ ਅਰਥਾਤ ਦੂਜੇ ਮੁਸਲਮਾਨ ਵੀ ਆ ਜਾਣਗੇ ਅਤੇ ਏਥੋਂ ਦੀ ਲੋਕਲ ਵੱਸੋਂ ਨਾਲ ਵੀ ਗਿਣਤੀ ਵਧੇਗੀ । ਪਰ ਫ਼ਰਮਾਇਆ ਸ਼ਰਤ ਇਹ ਹੈ ਕਿ ਮਸਜਿਦ ਦੀ ਸਥਾਪਨਾ ਵਿੱਚ ਨੀਯਤ ਈਮਾਨਦਾਰੀ ਵਾਲੀ ਹੋਵੇ, ਕੇਵਲ ਰੱਬ ਖਾਤਰ ਕੀਤੀ

ਜਾਵੇ । ਨਫ਼ਸਾਨੀ ਜਾਂ ਭੌਤਕ ਵਿਚਾਰ ਜਾਂ ਕਿਸੇ ਸ਼ਰਾਰਤ ਦਾ ਉਕੱਾ ਹੀ ਦਖ਼ਲ ਨ ਹੋਵੇ, ਫਿਰ ਰੱਬ ਬਰਕਤ ਪਾਵੇਗਾ । ਇਸ ਸ਼ਰਤ ਨੂੰ ਹਮੇਸ਼ਾ ਹੀ ਹਰ ਇਕ ਨੂੰ ਗ਼ੌਰ ਕਰਨਾ ਚਾਹੀਦਾ ਹੈ । ਨੀਯਤ ਵਿੱਚ ਪੂਰੀ ਈਮਾਨਦਾਰੀ ਹੋਵੇ ਅਤੇ ਕਿਸੇ ਪ੍ਰਕਾਰ ਦੀ ਸ਼ਰਾਰਤ ਅਤੇ ਫ਼ਸਾਦ ਮਨ ਜਾਂ ਵਿਚਾਰ ਵਿੱਚ ਨ ਹੋਵੇ ਅਤੇ ਖ਼ਾਲਸ ਰੱਬ ਦੀ ਰਜ਼ਾ ਪ੍ਰਾਪਤ ਕਰਨ ਲਈ ਕੁਰਬਾਨੀਆਂ ਕੀਤੀਆਂ ਜਾਣ ਅਤੇ ਮਸਜਿਦ ਬਣਾਈ ਜਾਵੇ ਅਤੇ ਮਸਜਿਦ ਨੂੰ ਅਬਾਦ ਕੀਤਾ ਜਾਵੇ ਤਾਂ ਫਿਰ ਇਸ ਵਿੱਚ ਅਤਿਅੰਤ ਬਰਕਤ ਪੈਂਦੀ ਹੈ । ਇਸ ਦੇ ਲਈ ਆਪੋ ਵਿੱਚ ਏਕਤਾ ਤੇ ਮਿਲਵਰਤਨ ਪੈਦਾ ਕਰੋ ਅਤੇ ਇਸ ਦੇ ਲਈ ਰੱਬ ਦੇ ਦੱਸੇ ਗਏ ਤਰੀਕਿਆਂ ਉਪੱਰ ਚੱਲੋ । ਇਸ ਦੇ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਨਮਾਜ਼ਾਂ ਅਤੇ ਮਸਜਿਦਾਂ ਦੇ ਹਵਾਲਿਆਂ ਨਾਲ ਸਾਨੂੰ ਜੋ ਨਸੀਹਤਾਂ ਕੀਤੀਆਂ ਹਨ ਉਹ ਮੈਂ ਪੇਸ਼ ਕਰਦਾ ਹਾਂ । ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਨਮਾਜ਼ ਵਿੱਚ ਜੋ ਜਮਾਤ ਦਾ ਪੁੰਨ ਰੱਖਿਆ ਹੈ ਇਸ ਵਿੱਚ ਇਹੋ ਭਾਵਨਾ ਹੈ ਕਿ ਇਕ ਏਕਤਾ ਪੈਦਾ ਹੁੰਦੀ ਹੈ ਅਤੇ ਫਿਰ ਇਸ ਏਕਤਾ ਨੂੰ ਅਮਲੀ ਰੂਪ ਵਿੱਚ ਲਿਆਉਣ ਲਈ ਏਥੋਂ ਤੱਕ ਤਾਕੀਦ ਹੈ ਕਿ ਪੈਰ੍ਹ ਆਪੋ ਵਿੱਚ ਬਰਾਬਰ ਹੋਣ ਜੱਦ ਪੰਕਤੀਆਂ ਬਣਾਕੇ ਖੜੇ ਹੋਣ ਤਾਂ ਪੈਰ੍ਹ ਬਰਾਬਰ ਰਖੱਣ, ਅੱਡੀਆਂ ਇਕ ਲਾਈਨ ਵਿੱਚ ਹੋਣ ਇਕ ਸੀਧ ਵਿੱਚ ਪੰਕਤੀ ਸਿੱਧੀ ਹੋਵੇ ਅਤੇ ਇਕ ਦੂਜੇ ਨਾਲ ਮਿਲੇ ਹੋਏ ਹੋਣ, ਫ਼ਰਮਾਇਆ ਕਿ ਇਸ ਦਾ ਭਾਵ ਇਹ ਹੈ ਕਿ ਸੰਭਵਤਾ ਇਕ ਹੀ ਮਨੁੱਖ ਦੀ ਆਗਿਆ ਰਖੱਣ । ਅਜਿਹੇ ਸਿੱਧੇ ਹੋਣ ਕਿ ਇਉਂ ਲੱਗੇ ਕਿ ਇਕ ਹੀ ਮਨੁੱਖ ਹਨ ਅਤੇ ਇਕ ਦੇ ਨੂਰ ਦੂਜੇ ਵਿੱਚ ਸ਼ਾਮਿਲ ਹੋ ਸਕਣ, ਕਿਸੇ ਵਿੱਚ ਬਹੁਤੀ ਰੂਹਾਨੀਯਤ (ਆਤਮਕਤਾ) ਹੈ ਕਿਸੇ ਵਿੱਚ ਘੱਟ । ਆਪ ਨੇ ਫ਼ਰਮਾਇਆ ਕਿ ਜੋ ਰੁਹਾਨੀਯਤ ਦਾ ਨੂਰ ਹੈ ਉਹ ਇਕ ਦੂਜੇ ਵਿੱਚ ਸ਼ਾਮਲ ਹੋ ਸਕੇ । ਉਹ ਚੀਜ਼ ਜਿਸ ਤੋਂ ਖ਼ੁਦੀ ਤੇ ਖ਼ੁਦਗ਼ਰਜ਼ੀ ਪੈਦਾ ਹੁੰਦੀ ਹੈ ਉਹ ਨ ਰਹੇ । ਇਹ ਇਛੱਾ ਸੀ ਆਪਦੀ । ਖ਼ੁਦੀ ਅਤੇ ਖ਼ੁਦਗ਼ਰਜ਼ੀ (ਹਉਮੈ ਤੇ ਹੰਕਾਰ) ਉਕੱਾ ਹੀ ਮੁੱਕ ਜਾਵੇ ਅਤੇ ਇਕ ਹੋ ਜਾਓ । ਫ਼ਰਮਾਇਆ ਕਿ ਇਹ ਚੰਗੀ ਤਰ੍ਹਾਂ ਚੇਤੇ ਰੱਖੋ ਕਿ ਮਨੁੱਖ ਵਿੱਚ ਇਹ ਸ਼ਕਤੀ ਹੈ ਕਿ ਉਹ ਦੂਜਿਆਂ ਦੇ ਨੂਰ ਨੂੰ ਜਜ਼ਬ (ਸਮੋਹ ਲੈਂਦਾ ਹੈ) ਕਰਦਾ ਹੈ ਫਿਰ ਇਸੇ ਏਕਤਾ ਲਈ ਹੁਕਮ ਹੈ ਕਿ ਪ੍ਰਤੀ ਦਿਨ ਮੁਹੱਲੇ ਦੀ ਮਸਜਿਦ ਵਿੱਚ ਅਤੇ ਹਫ਼ਤੇ ਬਾਦ ਸ਼ਹਿਰ ਦੀ ਮਸਜਿਦ ਵਿੱਚ ਫਿਰ ਸਾਲ ਬਾਦ ਈਦਗਾਹ ਵਿੱਚ ਇਕਤੱਰ ਹੋਣ ਅਤੇ ਕੁਲ ਧਰਤੀ ਦੇ ਮੁਸਲਮਾਨ ਸਾਲ ਵਿੱਚ ਇਕ ਵਾਰ ਬੈਤੁਲੱਾਹ (ਖ਼ਾਨਾ ਕਾਬਾ ਮਕੱਾ) ਵਿੱਚ ਇਕਤੱਰ ਹੋਣ । ਇਹਨਾ ਸਾਰਿਆਂ ਆਦੇਸ਼ਾਂ ਦਾ ਮੰਤਵ ਉਹੋ ਇਕ ਏਕਤਾ ਹੈ ਨਮਾਜ਼ ਤੋਂ ਲੈਕੇ ਹੱਜ ਤੱਕ ਜਿੰਨ੍ਹੇ ਵੀ ਇਬਾਦਤ ਦੇ ਆਦੇਸ਼ ਹਨ ਉਹਨਾਂ ਦੇ ਮੰਤਵ ਕੀ ਹੈ ਤਾਂ ਜੋ ਮੁਸਲਮਾਨ ਇਕ ਕੌਮ ਬਣ ਜਾਣ । ਹੁਣ ਬਦਕਿਸਮਤੀ ਨਾਲ ਸਭ ਤੋਂ ਵੱਧ ਮਤਿਭੇਦ, ਫੁੱਟ ਤੇ ਫਸਾਦ ਇਸ ਸਮੇਂ ਮੁਸਮਾਨਾਂ ਵਿੱਚ ਹੈ । ਸੋ, ਅਸੀਂ ਅਹਮਦੀ ਹਨ ਜਿੰਨ੍ਹਾ ਨੇ ਇਹ ਨਮੂਨੇ ਕਾਇਮ ਕਰਨੇ ਹਨ ਅਤੇ ਦੁਨੀਆ ਨੂੰ ਇਸਲਾਮ ਦੀ ਹਕੀਕੀ ਤੇ ਸੁੰਦਰ ਸਿੱਖਿਆ ਬਾਰੇ ਦਸੱਣਾ ਹੈ ।

ਫਿਰ ਆਪ ਫ਼ਰਮਾਉਂਦੇ ਹਨ : ਮਸਜਿਦਾਂ ਦੀ ਅਸਲ ਸੁੰਦਰਤਾ ਇਮਾਰਤਾਂ ਨਾਲ ਨਹੀਂ ਸਗੋਂ ਨਮਾਜ਼ੀਆਂ ਨਾਲ ਹੈ ਜੋ ਈਮਾਨਦਾਰੀ ਨਾਲ ਨਮਾਜ਼ਾਂ ਪੜ੍ਹਦੇ ਹਨ । ਫ਼ਰਮਾਇਆ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਦੀ ਮਸਜਿਦ ਛੋਟੀ ਜਿਹੀ ਸੀ । ਖਜੂਰਾਂ ਦੀਆਂ ਟਾਹਣੀਆਂ ਨਾਲ ਉਸ ਦੀ ਛੱਤ ਬਣਾਈ ਗਈ ਸੀ ਅਤੇ ਵਰਖਾ ਸਮੇਂ ਛੱਤ ਵਿੱਚੋਂ ਪਾਣੀ ਚੋਂਦਾ ਸੀ । ਮਸਜਿਦ ਦੀ ਰੌਣਕ ਨਮਾਜ਼ੀਆਂ ਨਾਲ ਹੈ । ਮਸਜਿਦ ਵਾਸਤੇ ਹੁਕਮ ਹੈ ਕਿ ਤਕਵਾ (ਸੰਜਮਤਾ) ਤੇ ਪਵਿੱਤਰਤਾ ਲਈ ਬਣਾਈਆ ਜਾਣ । ਸੋ ਸਾਨੂੰ ਰੱਬ ਖ਼ਾਤਰ ਕੀਤੇ ਗਏ ਹਰ ਕੰਮ ਦੇ ਬਾਦ ਇਹ ਚਿੰਤਾ ਹੋਣੀ ਚਾਹੀਦੀ ਹੈ ਕਿ ਕਿਸੇ ਉਦੇਸ਼ ਨੂੰ ਪ੍ਰਾਪਤ ਕਰਨ ਦੇ ਬਾਦ ਅਸੀਂ ਆਪਣੇ ਜੀਵਨ ਦੇ ਮੁਢੱਲੇ ਮੰਤਵ ਤੋਂ ਬੇਪਰਵਾਹ ਨ ਹੋ ਜਾਈਏ । ਇਹੋ ਨ ਸਮਝ ਲਈਏ ਕਿ ਅਸੀਂ ਇਕ ਸੁੰਦਰ ਮਸਜਿਦ ਦਾ ਨਿਰਮਾਣ ਕਰ ਲਿਆ ਹੈ ਤਾਂ ਸਾਡੇ ਫ਼ਰਜ਼ ਪੂਰੇ ਹੋ ਗਏ ਹਨ ਅਤੇ ਸਾਰੇ ਕੰਮ ਮੁੱਕ ਗਏ । ਇਸ ਮਸਜਿਦ ਦੇ ਨਿਰਮਾਣ ਦੇ ਬਾਦ ਸਾਡਾ ਅਸਲ ਕੰਮ ਹੁਣ ਅਰੰਭ ਹੋਇਆ ਹੈ । ਸੋ, ਸਾਨੂੰ ਚੇਤੇ ਰਖੱਣਾ ਚਾਹੀਦਾ ਹੈ ਅਸੀਂ ਉਸ ਇਬਾਦਤ ਦਾ ਹੱਕ ਪੂਰਾ ਕਰਨਾ ਹੈ ਅਤੇ ਇਬਾਦਤ ਦਾ ਹੱਕ ਸਭ ਤੋਂ ਵੱਧ ਮਸਜਿਦਾਂ ਦੀ ਅਬਾਦੀ ਵਧਾਉਣ ਨਾਲ ਹੀ ਹੁੰਦਾ ਹੈ । ਫਿਰ ਇਕ ਰਿਵਾਇਤ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਫ਼ਰਮਾਇਆ ਕਿ ਜੋ ਮਸਜਿਦ ਵਿੱਚ ਸਵੇਰੇ

ਸ਼ਾਮ ਜਾਂਦਾ ਹੈ ਅਲੱਾਹ ਉਸ ਲਈ ਸਵਰਗਾਂ ਵਿੱਚ ਆਪਣੀ ਪ੍ਰਾਹੁਣਾਚਾਰੀ ਦਾ ਪ੍ਰਬੰਧ ਤਿਆਰ ਕਰਦਾ ਹੈ । ਸੋ, ਮਸਜਿਦਾਂ ਵਿੱਚ ਆਉਣ ਵਾਲੇ ਰੱਬ ਦੇ ਮਹਿਮਾਨ ਬਣ ਕੇ ਰਹਿੰਦੇ ਹਨ । ਇਸ ਮਸਜਿਦ ਦੇ ਨਿਰਮਾਣ ਦੀ ਸ਼ੁਕਰਗੁਜ਼ਾਰੀ ਆਪੋ ਵਿੱਚ ਪਹਿਲਾਂ ਨਾਲੋਂ ਵਧੱਕੇ ਪਿਆਰ ਤੇ ਸਨੇਹ ਦੇ ਪ੍ਰਗਟਾਵੇ ਨਾਲ ਵੀ ਅਸੀਂ ਕਰਨੀ ਹੈ ਆਪ ਸਾਰਿਆਂ ਨੇ ਕਰਨੀ ਹੈ ਜੋ ਏਥੇ ਰਹਿਣ ਵਾਲੇ ਹਨ ਜੋ ਦੁਨੀਆਂ ਵਿੱਚ ਕਿਤੇ ਵੀ ਰਹਿਣ ਵਾਲੇ ਅਹਮਦੀ ਹਨ । ਜੱਦ ਮਸਜਿਦਾਂ ਵਿੱਚ ਜਾਣ ਤਾਂ ਮਸਜਿਦਾਂ ਦੇ ਇਹ ਹੱਕ ਵੀ ਪੂਰੇ ਕਰਨ । ਇਸ ਮਸਜਿਦ ਦੇ ਨਿਰਮਾਣ ਦੇ ਬਾਦ ਆਪਨੇ ਪਹਿਲਾਂ ਤੋਂ ਵੱਧਕੇ ਆਪਣੇ ਨਮੂਨੇ ਇਸਲਾਮ ਦੀ ਸਿੱਖਿਆ ਦੇ ਲੋਕਾਂ ਨੂੰ ਦਿਖਾਉਂਣੇ ਹਨ ਅਤੇ ਇਸ ਤੋਂ ਲੋਕਾਂ ਨੂੰ ਜਾਣੂ ਕਰਵਾਉਂਣਾ ਹੈ ।

ਸੋ, ਮਸਜਿਦ ਬਨਾਉਣ ਦਾ ਉਦੇਸ਼ ਰੱਬ ਉਪੱਰ ਈਮਾਨ ਹੈ ਅਤੇ ਰੱਬ ਉਪੱਰ ਈਮਾਨ ਉਸ ਸਮੇਂ ਪੂਰਾ ਹੁੰਦਾ ਹੈ ਜੱਦ ਮਨੁੱਖ ਹਰ ਪ੍ਰਕਾਰ ਦੇ ਸ਼ਿਰਕ (ਅਨੇਕ ਈਸ਼ਵਰਵਾਦ) ਤੋਂ ਆਪਣੇ ਆਪ ਨੂੰ ਸੁਰੱਖਿਅਤ ਰੱਖੇ । ਹਰ ਚੀਜ਼ ਦਾ ਦੇਣ ਵਾਲਾ ਰੱਬ ਨੂੰ ਸਮਝੇ । ਫਿਰ ਆਖ਼ਰਤ ਉਪੱਰ ਈਮਾਨ ਹੈ ਉਸ ਦੇ ਵਿਸਥਾਰ ਹਨ । ਪਰ ਜੇਕਰ ਮਨੁੱਖ ਕੇਵਲ ਇਸ ਗੱਲ'ਤੇ ਹੀ ਗ਼ੌਰ ਕਰ ਲਏ । ਬਹੁਤ ਸਾਰੀਆਂ ਚੀਜਾਂ ਆਖ਼ਰਤ ਬਾਰੇ ਆਉਂਦੀਆਂ ਹਨ ਕਿ ਅਖ਼ਰਤ ਦੁਨੀਆਂ ਨਾਲੋਂ ਚੰਗੀ ਹੈ । ਕੇਵਲ ਇਸ ਗੱਲ'ਤੇ ਮਨੁੱਖ ਗ਼ੌਰ ਕਰੇ ਤਾਂ ਸੰਸਾਰਕ ਮਮੂਲੀ ਗਲੱਾਂ ਦੀ ਪ੍ਰਾਪਤੀ ਲਈ ਆਪਣੀ ਸਾਰੀ ਸ਼ਕਤੀ ਖਰਚ ਕਰਨ ਦੀ ਥਾਂ ਆਪਣਾ ਸਾਰਾ ਜ਼ੋਰ ਲਾਉਣ ਦੀ ਥਾਂ ਆਖ਼ਰਤ ਦੇ ਪੁਰਸਕਾਰਾਂ ਦਾ ਵਾਰਸ ਆਪਣੇ ਆਪ ਨੂੰ ਬਨਾਉਣ ਲਈ ਮਨੁੱਖ ਜਤਨ ਕਰੇ ।

ਰੱਬ ਇਕ ਥਾਂ ਫ਼ਰਮੋਉਂਦਾ ਹੈ ਕਿ "ਵਲਾਦਾਰੁਲ ਆਖ਼ਿਰਾਤਿ ਖ਼ੈਰੁਨ ਲਿਲੱਜ਼ੀਨਤੱਾਕੋ," ( وَلَدَارُ الْاٰخِرَةِ خَيْرٌ لِّلَّذِيْنَ اتَّقَوْا ط (يوسف آيت 109). ) ਅਤੇ ਆਖ਼ਰਤ ਦਾ ਘਰ ਉਹਨਾਂ ਲੋਕਾਂ ਲਈ ਜਿੰਨ੍ਹਾ ਨੇ ਤਕਵਾ (ਸੰਜਮਤਾ) ਧਾਰਨ ਕੀਤਾ ਚੰਗਾ ਹੈ । ਹੁਣ ਇਕ ਘਰ ਤਾਂ ਮਸਜਿਦ ਦਾ ਨਿਰਮਾਣ ਕਰਕੇ ਮਨੁੱਖ ਬਣਾਉਂਦਾ ਹੈ ਪਰ ਉਸ ਘਰ ਦੀ ਅਬਾਦੀ ਲਈ ਮਸਜਿਦ ਦੀ ਅਬਾਦੀ ਸੰਜਮਤਾ ਨਾਲ ਸੰਬੰਧਤ ਹੈ । ਸੋ ਮਸਜਿਦ ਦੇ ਨਿਰਮਾਣ ਦਾ ਹੱਕ ਵੀ ਸੰਜਮਤਾ ਉਪੱਰ ਚਲੱਣ ਨਾਲ ਪੂਰਾ ਹੋਵੇਗਾ ਅਤੇ ਤਕਵਾ (ਸੰਜਮਤਾ) ਬਾਰੇ ਇਕ ਥਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਓਂਹੁਦੇ ਹਨ :

ਮੁਤਕੀ (ਸੰਜਮਕਾਰੀ) ਬਣਨ ਲਈ ਇਹ ਜ਼ਰੂਰੀ ਹੈ ਕਿ ਮੋਟੀਆਂ ਗੱਲਾਂ ਦੇ ਬਾਦ ਜਿਵੇਂ ਵਿਭਚਾਰ, ਚੋਰੀ, ਲੋਕਾਂ ਦੇ ਹੱਕ ਮਾਰਨੇ, ਹੰਕਾਰ, ਘ੍ਰਿਣਾ, ਨਫ਼ਰਤ ਤੇ ਕੰਜੂਸੀ ਦੇ ਤਿਆਗ ਵਿੱਚ ਪੱਕਿਆ ਹੋਵੇ ਤਾਂ ਭੈੜੇ ਆਚਰਣਾ ਤੋਂ ਗੁਰੇਜ਼ ਕਰਕੇ ਇਹਨਾਂ ਦੇ ਟਾਕਰੇ'ਤੇ ਚੰਗੇ ਤੇ ਨੇਕ ਗੁਣਾ ਵਿੱਚ ਤਰੱਕੀ ਕਰੇ । ਗੰਦ ਤੇ ਵਿਅਰਥ ਜੋ ਆਚਰਣ ਹਨ ਬੁਰਾਈਆਂ ਹਨ ਉਹਨਾਂ ਨੂੰ ਛੱਡ ਦੇਵੇ ਅਤੇ ਚੰਗੇ ਤੇ ਆਲਾ ਆਚਰਣਾ ਨੂੰ ਨ ਕੇਵਲ ਧਾਰਣ ਕਰੇ ਸਗੋਂ ਉਹਨਾਂ ਵਿਚ ਤਰੱਕੀ ਕਰੇ । ਫ਼ਰਮਾਇਆ ਕਿ ਲੋਕਾਂ ਨਾਲ ਮਿਲਣਸਾਰੀ ਨਾਲ ਮਿਲੇ, ਲੋਕਾਂ ਨਾਲ ਖ਼ੁਸ਼ਖ਼ੁਲਕੀ (ਖਿੜੇ ਮੱਥੇ) ਤੇ ਹਮਦਰਦੀ ਨਾਲ ਪੇਸ਼ ਆਵੇ । ਇਹ ਹਨ ਚੰਗੇ ਆਚਰਣ ਇਹ ਹੈ ਤਕਵਾ ਕਿ ਲੋਕਾਂ ਨਾਲ ਵੀ ਮੁਹਬੱਤ ਤੇ ਪਿਆਰ ਨਾਲ ਪੇਸ਼ ਆਓ, ਉਹਨਾਂ ਨਾਲ ਹਮਦਰਦੀ ਕਰੋ ਇਸ ਗੱਲ ਨੂੰ ਅੱਖੋਂ ਓਹਲੇ ਕਰਦਿਆਂ ਹੋਇਆਂ ਕਿ ਉਹ ਕੌਣ ਹੈ । ਹਰ ਇਕ ਨਾਲ ਭਾਵੇਂ ਉਹ ਮੁਸਲਮਾਨ ਹੈ, ਗ਼ੈਰ ਮੁਸਲਿਮ ਹੈ ਆਪਣਾ ਹੈ ਜਾਂ ਬੇਗਾਨਾ ਹੈ । ਰੱਬ ਨਾਲ ਸੱਚੀ ਵਫ਼ਾਦਾਰੀ ਅਤੇ ਸਚੱਾਈ ਦਿਖਾਵੇ । ਸੇਵਾ ਦੇ ਉੱਚ ਸਥਾਨਾ ਦੀ ਭਾਲ ਕਰੇ । ਰੱਬ ਦੀਆਂ ਸਵੱਲੀ ਨਿਗਾਹਾਂ ਓਸ'ਤੇ ਪੈਣ ਅਜਿਹੇ ਉਹ ਕੰਮ ਕਰੇ । ਇਹਨਾਂ ਗੱਲਾਂ ਨਾਲ ਮਨੁੱਖ ਮੁਤੱਕੀ ਅਖਵਾਉਂਦਾ ਹੈ । ਸੋ, ਜਿਵੇਂ ਕਿ ਮੈਂ ਕਿਹਾ ਸਾਡੀਆਂ ਜ਼ਿੰਮੇਦਾਰੀਆਂ ਵੱਧ ਰਹੀਆਂ ਹਨ । ਇਸ ਮਸਜਿਦ ਦਾ ਹੱਕ ਪੂਰਾ ਕਰਨ ਲਈ ਇਕ ਵੱਡੇ ਇਨਕਲਾਬ ਨੂੰ ਆਪਣੇ ਅੰਦਰ ਪੈਦਾ ਕਰਨਾ ਹੋਵੇਗਾ । ਫਿਰ ਨਮਾਜ ਕਾਇਮ ਕਰਨ ਵੱਲ ਧਿਆਨ ਦੁਆਇਆ ਅਤੇ ਨਮਾਜ਼ ਦਾ ਕਾਇਮ ਕਰਨਾ ਪੰਜ ਵੇਲੇ ਨਮਾਜ਼ ਬਾਜਮਾਤ ਹੈ । ਸੋ, ਇਸ ਮਸਜਿਦ ਦੀ ਸੁੰਦਰਤਾ ਵੀ ਨਮਾਜ਼ੀਆਂ ਦੀ ਗਿਣਤੀ ਉਪੱਰ ਹੈ । ਅਜਿਹੇ ਨਮਾਜ਼ੀਆਂ ਦੀ ਗਿਣਤੀ ਉਪੱਰ ਜੋ ਖ਼ਾਲਸ ਹੋਕੇ ਰੱਬ ਦੀ ਇਬਾਦਤ ਕਰਨਾ ਚਾਹੁੰਦੇ ਹਨ ਜਾਂ ਕਰਨ ਵਾਲੇ ਹਨ । ਫਿਰ ਜ਼ਕਾਤ ਵੱਲ ਧਿਆਨ ਖਿਚੱਕੇ ਗਰੀਬਾਂ ਦੇ ਹੱਕਾਂ ਵੱਲ ਵੀ ਧਿਆਨ ਦੁਆਇਆ ।

ਅਲੱਾਹ ਤਆਲਾ ਨੇ ਕੁਰਆਨ ਕਰੀਮ ਵਿੱਚ ਕਈ ਥਾਂਈਂ ਜ਼ਕਾਤ ਦੀ ਅਦਾਇਗੀ ਵੱਲ ਧਿਆਨ ਦੁਆਇਆ ਹੈ ਆਪ ਮਾਲ ਖਰਚ ਕਰਨ ਵੱਲ ਧਿਆਨ ਦੁਆਇਆ ਹੈ ਅਤੇ ਜ਼ਕਾਤ ਨੂੰ ਵਿਸ਼ੇਸ਼ ਕਰਕੇ ਵੀ ਧਿਆਨ ਦੁਵਾਇਆ ਹੈ । ਜ਼ਕਾਤ ਦਾ ਤਾਂ ਖ਼ਿਲਾਫ਼ਤ ਦੀ ਵਿਵਸਥਾ ਨਾਲ ਵੀ ਇਕ ਪੱਖੋਂ ਡੂੰਘਾ ਸੰਬੰਧ ਹੈ ਕਿ ਆਇਤ ਇਸਤਖ਼ਲਾਫ਼ ਜਿਸ ਵਿੱਚ ਖ਼ਿਲਾਫ਼ਤ ਦੀ ਵਿਵਸਥਾ ਦੀ ਹਿਦਾਇਤ ਅਤੇ ਪੇਸ਼ਗੋਈ ਕੀਤੀ ਗਈ ਹੈ ਉਸ ਤੋਂ ਅਗਲੀ ਆਇਤ ਵਿੱਚ ਨਮਾਜ਼ ਦੇ ਕਾਇਮ ਕਰਨ ਅਤੇ ਜ਼ਕਾਤ ਦੀ ਅਦਾਇਗੀ ਵੱਲ ਧਿਆਨ ਦੁਆਇਆ ਗਿਆ ਹੈ ਧਰਮ ਨੂੰ ਪਰਤਾਪ ਇਸ ਜੁੱਗ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀਂ ਹੀ ਮਿਲਣਾ ਹੈ ਮਿਲਣਾ ਸੀ ਅਤੇ ਮਿਲਿਆ ਹੈ ਕਿਉਂਕਿ ਆਪ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਸੱਚੇ ਗ਼ੁਲਾਮ ਹੋਣ ਦੇ ਪੱਖੋਂ ਦੁਨੀਆ ਵਿੱਚ ਆਏ ਅਤੇ ਆਪ ਨੂੰ ਰੱਬ ਨੇ ਭੇਜਿਆ ਹੀ ਇਸ ਲਈ ਕਿ ਇਸਲਾਮ ਦੀ ਵਾਸਤਵਿਕ ਸਿੱਖਿਆ ਦੇ ਨਮੂਨੇ ਕਾਇਮ ਹੋਣ । ਇਸਲਾਮ ਦੀ ਗਵਾਚੀ ਹੋਈ ਸਾਖ ਨੂੰ ਮੁੜ੍ਹ ਕਾਇਮ ਕੀਤਾ ਜਾਵੇ । ਆਪ ਖ਼ਾਤਮੁਲ ਖ਼ੁਲਫ਼ਾ ਵੀ ਹਨ ਅਤੇ ਦੁਨੀਆਂ ਨੂੰ ਦਸੱਣ ਕਿ ਇਸਲਾਮ ਦੀ ਸੁੰਦਰਤਾ ਕੀ ਹੈ । ਸੋ, ਆਪ ਦੇ ਆਉਣ ਦਾ ਉਦੇਸ਼ ਹੀ ਇਹ ਹੈ ਕਿ ਦੁਨੀਆ ਇਸਲਾਮ ਦੀ ਸੁੰਦਰਤਾ ਦੇਖ ਸਕੇ ਅਤੇ ਦੂਜੀ ਆਇਤ ਜੋ ਮੈਂ ਤਲਾਵਤ ਕੀਤੀ ਹੈ ਉਹ ਸੂਰਤ ਹੱਜ ਦੀ ਆਇਤ ਹੈ ਇਸ ਵਿੱਚ ਰੱਬ ਨੇ ਉਹਨਾਂ ਲੋਕਾਂ ਦਾ ਵਰਨਣ ਕੀਤਾ ਹੈ ਜਿੰਨ੍ਹਾ ਨੂੰ ਰੱਬ ਜੱਦ ਪਰਤਾਪ ਬਖ਼ਸ਼ਦਾ ਹੈ ਤਾਂ ਉਹ ਜਿੰਨ੍ਹਾ ਵਿਸ਼ੇਸ਼ਤਾਵਾਂ ਦੇ ਭਾਰੂ ਬਣਦੇ ਹਨ ਉਹਨਾਂ ਵਿੱਚ ਨਮਾਜ਼ ਦਾ ਕਾਇਮ ਕਰਨਾ ਵੀ ਹੈ ਜ਼ਕਾਤ ਦੀ ਅਦਾਇਗੀ ਵੀ ਹੈ, ਨੇਕ ਗੱਲਾਂ ਦਾ ਫੈਲਾਉਣਾ ਵੀ ਹੈ ਅਤੇ ਬੁਰੀਆਂ ਤੇ ਭੈੜੀਆਂ ਗੱਲਾਂ ਤੋਂ ਰੋਕਣਾ ਵੀ ਹੈ । ਖ਼ਿਲਾਫ਼ਤ ਦੀ ਵਿਵਸਥਾ ਆਪ ਰਾਹੀਂ ਹੀ ਇਸ ਜਜ਼ਮਾਨੇ ਵਿੱਚ ਅਰੰਭ ਹੋਣੀ ਸੀ ਅਤੇ ਹੋਈ ਹੈ ਅਤੇ ਅੱਜ ਸਾਰੀ ਦੁਨੀਆ ਵਿੱਚ ਕੇਵਲ ਜਮਾਤ ਅਹਮਦੀਆ ਹੀ ਹੈ ਜਿਸ ਵਿੱਚ ਖ਼ਿਲਾਫ਼ਤ ਦੀ ਵਿਵਸਥਾ ਅਰੰਭ ਹੈ ਜੋ ਸਹੀ ਇਸਲਾਮੀ ਸਿੱਖਿਆ ਦਾ ਪ੍ਰਚਾਰ ਕਰ ਰਹੀ ਹੈ ਇਸ ਨੂੰ ਫੈਲਾ ਰਹੀ ਹੈ ।

ਸੋ, ਹਰ ਅਹਮਦੀ ਦੀ ਇਹ ਬਹੁਤ ਵੱਡੀ ਜ਼ਿੰਮੇਦਾਰੀ ਹੈ ਕਿ ਇਸ ਪੱਖੋਂ ਸੋਚੇ ਇਸ ਮੰਤਵ ਨੂੰ ਸਮਝੇ ਅਤੇ ਇਸ ਦੇ ਲਈ ਆਪ ਵਾਦਿਆਂ (ਪ੍ਰਣ) ਨੂੰ ਪੂਰਾ ਕਰਦਿਆਂ ਹੋਇਆਂ ਆਪਣੇ ਵਿਚਾਰਾਂ ਤੇ ਸੋਚਾਂ ਨੂੰ ਰੱਬ ਦੀ ਰਜ਼ਾ ਅਨੁਸਾਰ ਢਾਲਣ ਦਾ ਹਰ ਸਮੇਂ ਜਤਨ ਕਰਦੇ ਰਹਿਣ ।

ਰੱਬ ਕਰੇ ਅਸੀਂ ਇਹਨਾਂ ਗੱਲਾਂ ਨੂੰ ਸਮਝਣ ਵਾਲੇ ਹੋਈਏ, ਰੱਬ ਦਾ ਹੱਕ ਪੂਰਾ ਕਰਨ ਵਾਲੇ ਹੋਈਏ । ਆਪੋ ਵਿੱਚ ਪਿਆਰ ਵਿੱਚ ਵੀ ਵਧੱਣ ਵਾਲੇ ਹੋਈਏ ਮਸਜਿਦ ਦੇ ਹੱਕ ਪੂਰੇ ਕਰਨ ਵਾਲੇ ਹੋਈਏ, ਪ੍ਰਚਾਰ ਦੇ ਹੱਕ ਵੀ ਪੂਰੇ ਕਰਨ ਵਾਲੇ ਹੋਈਏ । ਮਾਲੀ ਕੁਰਬਾਨੀਆਂ ਦਾ ਵਕਤੀ ਜੋਸ਼ ਹੀ ਕੇਵਲ ਸਾਡੇ ਵਿੱਚ ਨ ਹੋਵੇ ਸਗੋਂ ਰੂਹਾਨੀ ਤਰੱਕੀ ਦੇ ਨਿਰੰਤਰ ਜੋਸ਼ ਨੂੰ ਆਪਣੀਆਂ ਹਾਲਤਾਂ ਵਿੱਚ ਲਾਗੂ ਰਖੱਣ ਵਾਲੇ ਤੇ ਜਾਰੀ ਰਖੱਣ ਵਾਲੇ ਹੋਈਏ ਤਾਂ ਜੋ ਇਸ ਜ਼ਮਾਨੇ ਦੇ ਇਮਾਮ ਅਤੇ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੇ ਸੱਚੇ ਆਸ਼ਕ ਦੇ ਨਾਲ ਜੋ ਅਸੀਂ ਬੈਅਤ ਦਾ ਪ੍ਰਣ ਕੀਤਾ ਹੈ ਉਸ ਨੂੰ ਪੂਰਾ ਕਰ ਸਕੀਏ । ਅਲੱਾਹ ਤਆਲਾ ਹਰ ਇਕ ਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ ।


**Khulasa Khutba 13.05.2016**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)


Toll Free Shoba Noorul Islam-1800-3010-2131